**ਸਵਾਗਤ ਜ਼ਿੰਦਗੀ**

**ਸ਼੍ਰੇਣੀ: ਬਾਰ੍ਹਵੀਂ**

**ਓਪਨ ਸਕੂਲ ਦੇ ਵਿਦਿਆਰਥੀਆਂ ਲਈ**

(2021-22)

**ਸਮਾਂ: 2 ਘੰਟੇ** **ਲਿਖਤੀ: 50 ਅੰਕ**

**ਪ੍ਰਸ਼ਨ-ਪੱਤਰ ਦੀ ਰੂਪ-ਰੇਖਾ**

1. ਪ੍ਰਸ਼ਨ ਪੱਤਰ ਦੇ ਕੁੱਲ 4 ਪ੍ਰਸ਼ਨ ਹਨ।
2. ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।
3. ਸਾਰੇ ਪ੍ਰਸ਼ਨਾਂ ਦੇ ਉੱਤਰ ਨਿਰਧਾਰਿਤ ਪਾਠ-ਪੁਸਤਕ 'ਤੇ ਅਧਾਰਿਤ ਹੋਣਗੇ।
4. ਪ੍ਰਸ਼ਨ 1 ਵਿੱਚ ਕੁੱਲ 20 ਵਸਤੂਨਿਸ਼ਠ ਪ੍ਰਸ਼ਨ ਹੋਣਗੇ, ਇਨ੍ਹਾਂ ਵਿੱਚੋਂ 10 ਬਹੁਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ, ਪੰਜ ਖ਼ਾਲੀ ਥਾਵਾਂ ਭਰਨੀਆਂ ਹੋਣਗੀਆਂ ਅਤੇ ਪੰਜ ਸਹੀ ਮਿਲਾਨ ਕਰਨ ਵਾਲੇ ਪ੍ਰਸ਼ਨ ਹੋਣਗੇ। ਹਰੇਕ ਪ੍ਰਸ਼ਨ ਦਾ ਉੱਤਰ 1 ਅੰਕ ਦਾ ਹੋਵੇਗਾ। **10+5+5=20 ਅੰਕ**
5. ਪ੍ਰਸ਼ਨ 2 ਵਿੱਚ ਕੁੱਲ 4 ਸੰਖੇਪ ਉੱਤਰਾਂ ਵਾਲੇ ਵਿਅਕਤੀਪਰਕ ਪ੍ਰਸ਼ਨ (ਸਥਿਤੀ ਸਿਰਜਣਾ ਜਾਂ ਸਮੱਸਿਆ-ਸਮਾਧਾਨ ਕੇਂਦਰਿਤ) ਹੋਣਗੇ, ਜਿਨ੍ਹਾਂ ਵਿਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹੋਣਗੇ। ਹਰੇਕ ਪ੍ਰਸ਼ਨ 5 ਅੰਕਾਂ ਦਾ ਹੋਵੇਗਾ। **2×5=10 ਅੰਕ**
6. ਪ੍ਰਸ਼ਨ 3 ਵਿੱਚ ਕੁੱਲ 4 ਸੰਖੇਪ ਉੱਤਰਾਂ ਵਾਲੇ ਵਿਅਕਤੀਪਰਕ ਪ੍ਰਸ਼ਨ (ਕਿਰਿਆ-ਕੇਂਦਰਿਤ) ਹੋਣਗੇ, ਜਿਨ੍ਹਾਂ ਵਿੱਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹੋਣਗੇ। ਹਰੇਕ ਪ੍ਰਸ਼ਨ 5 ਅੰਕਾਂ ਦਾ ਹੋਵੇਗਾ। **2×5=10 ਅੰਕ**
7. ਪ੍ਰਸ਼ਨ 4 ਵਿੱਚ ਨਿਰਧਾਰਿਤ ਪਾਠ-ਪੁਸਤਕ ਦੇ ਸਾਰੇ ਪਾਠਾਂ ਵਿੱਚੋਂ ਕੋਈ ਇੱਕ ਪੈਰਾ ਦੇ ਕੇ ਉਸ ਨਾਲ ਸੰਬੰਧਿਤ ਕੁੱਲ 5 ਅਤਿ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ ਕਰਨੇ ਹੋਣਗੇ ਅਤੇ ਹਰੇਕ ਪ੍ਰਸ਼ਨ ਦਾ ਉੱਤਰ 2 ਅੰਕਾਂ ਦਾ ਹੋਵੇਗਾ। **5×2=10 ਅੰਕ**

**ਪ੍ਰਸ਼ਨ-ਪੱਤਰ ਦੀ ਬਣਤਰ**

| **ਪ੍ਰਸ਼ਨ ਨੰ.** | **ਪ੍ਰਸ਼ਨ ਦੀ ਕਿਸਮ** | **ਪ੍ਰਸ਼ਨਾਂ ਦੀ ਗਿਣਤੀ** | **ਅੰਕ ਪ੍ਰਤੀ ਪ੍ਰਸ਼ਨ** | **ਪਾਠਕ੍ਰਮ ਯੂਨਿਟ ਵੰਡ** | **ਕੁੱਲ ਅੰਕ** |
|---|---|---|---|---|---|
| 1. | ਵਸਤੂਨਿਸ਼ਠ ਪ੍ਰਸ਼ਨ | 20 | 1 | 1-5 ਪਾਠ ਤੱਕ | 20 |
| 2. | 2 (ਚਾਰੋਂ ਵਿੱਚੋਂ) ਸੰਖੇਪ ਉੱਤਰਾਂ ਵਾਲੇ ਪ੍ਰਸ਼ਨ (ਸਥਿਤੀ ਸਿਰਜਣਾ ਜਾਂ ਸੱਮਸਿਆ-ਸਮਾਧਾਨ ਕੇਂਦਰਿਤ) | 2 | 5 | 5-9 ਪਾਠ ਤੱਕ | 10 |
| 3. | 2 (ਚਾਰੋਂ ਵਿੱਚੋਂ) ਸੰਖੇਪ ਉੱਤਰਾਂ ਵਾਲੇ ਪ੍ਰਸ਼ਨ (ਕਿਰਿਆ-ਕੇਂਦਰਿਤ) | 2 | 5 | 5-9 ਪਾਠ ਤੱਕ | 10 |
| 4. | ਪੈਰਾ ਪੜ੍ਹ ਕੇ ਉੱਤਰ ਦੇਣੇ | 5 | 2 | 5-9 ਪਾਠ ਤੱਕ | 10 |
| **ਕੁੱਲ** | | | | | 50 |

## ਪ੍ਰਯੋਗੀ ਅੰਕ-ਵੰਡ

**ਕੁੱਲ :40 ਅੰਕ**

**ਭਾਗ (ੳ)**

ਇਸ ਭਾਗ ਵਿੱਚ ਕੁੱਲ 20 ਅੰਕ ਹੋਣਗੇ। ਇਹ ਅੰਕ ਨਿਰਧਾਰਿਤ ਪਾਠ-ਪੁਸਤਕ ਦੀਆਂ ਸਲਾਨਾ ਕਿਰਿਆਵਾਂ ਨੂੰ ਕਰਨ, ਇਸ ਵਿਚਲੀਆਂ ਵਰਕਸ਼ੀਟਸ ਨੂੰ ਮੁਕੰਮਲ ਕਰਨ ਅਤੇ ਪਾਠ-ਪੁਸਤਕ ਦੀਆਂ ਅਭਿਆਸੀ ਪ੍ਰਸ਼ਨਾਵਲੀਆਂ ਨੂੰ ਹੱਲ ਕਰਨ ਦੀ ਵਿਹਾਰਕ ਕਾਰਗੁਜ਼ਾਰੀ ਨਾਲ ਸੰਬੰਧਿਤ ਹੋਣਗੇ। 20 ਅੰਕ

**ਭਾਗ (ਅ)**

ਇਸ ਭਾਗ ਵਿੱਚ ਨਿਰਧਾਰਿਤ ਪਾਠ-ਪੁਸਤਕ ਵਿੱਚੋਂ ਕੋਈ ਇੱਕ ਕਿਰਿਆ ਕਰਵਾਈ ਜਾਵੇਗੀ। ਇਸਦੇ 10 ਅੰਕ ਹੋਣਗੇ। 10 ਅੰਕ

**ਭਾਗ (ੲ)**

ਇਸ ਭਾਗ ਵਿੱਚ ਨਿਰਧਾਰਿਤ ਪਾਠ-ਪੁਸਤਕ ਵਿੱਚ ਸ਼ਾਮਿਲ ਕੀਤੀਆਂ ਗਈਆਂ ਕਦਰਾਂ-ਕੀਮਤਾਂ ਨਾਲ ਸੰਬੰਧਿਤ ਮੌਖਿਕ ਪ੍ਰਸ਼ਨੋਤਰੀ (Viva) ਹੋਵੇਗੀ। ਇਸ ਦੇ 10 ਅੰਕ ਹੋਣਗੇ। 10 ਅੰਕ